# ਦਿੱਲੀ ਪਬਲਿਕ ਸਕੂਲ 'ਚ ਇੰਟਰ ਹਾਊਸ ਵੈਸਟਰਨ ਗਰੁੱਪ ਸਾਂਗ ਕੰਪੀਟੀਸ਼ਨ ਕਰਵਾਇਆ



*ਬਠਿੰਡਾ : ਜੇਤੂ ਗਰੁੱਪ ਸਕੂਲ ਪ੍ਰਬੰਧਕਾਂ ਨਾਲ। (ਸਿੱਧੂ)*

ਰਾਮਪੁਰਾ ਫੂਲ, 19 ਮਈ (ਜ.ਬ.)-ਦਿੱਲੀ ਪਬਲਿਕ ਸਕੂਲ 'ਚ ਇੰਟਰ ਹਾਊਸ ਵੈਸਟਰਨ ਗਰੁੱਪ ਸਾਂਗ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿਚ ਚੌਥੀ ਤੋਂ ਲੈ ਕੇ 12ਵੀਂ ਤੱਕ ਦੇ ਵਿਦਿਆਰਥੀਆਂ ਨੇ ਵੱਖ-ਵੱਖ 5 ਗਰੁੱਪਾਂ ਵਿਚ ਉਤਸ਼ਾਹ ਪੂਰਵਕ ਹਿੱਸਾ ਲੈਂਦਿਆਂ ਹੋਏ ਰਾਕ, ਪਾਪ ਅਤੇ ਕੰਟਰੀ ਸਾਂਗ ਪੇਸ਼ ਕੀਤੇ। ਸਿਲਵਰ ਓਕਸ ਸਕੂਲ ਦੇ ਮਿਊਜ਼ਿਕ ਟੀਚਰ ਚਰਨਜੀਤ ਸਿੰਘ ਤੇ ਰੂਪਮ ਗਾਂਧੀ ਨੇ ਬਤੌਰ ਜੱਜ ਵਜੋਂ ਸੇਵਾਵਾਂ ਦਿੱਤੀਆਂ।

ਸਕੂਲ ਪ੍ਰਿੰ. ਡਾ. ਅਰੁਣ ਨੇ ਨਤੀਜੇ ਐਲਾਨ ਕਰਦਿਆਂ ਰਾਵੀ ਹਾਊਸ ਤੇ ਸਤਲੁਜ ਹਾਊਸ ਨੂੰ ਜੇਤੂ ਐਲਾਨ ਕਰਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ।